# ਪੰਜਾਬ ਐਜੂਸੈਟ ਸੁਸਾਇਟੀ

ਈ ਬਲਾਕ, ਵਿੱਦਿਆ ਭਵਨ, ਟੈਕਸਟ ਬੁੱਕ ਸੈਲ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172-5218801-16, ਈ-ਮੇਲ: edusat.punjab@gmail.com

ਯਾਦ-ਪੱਤਰ-1

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
ਐਜੂਸੈਟ ਸੁਵਿਧਾ ਵਾਲੇ ਸਕੂਲਾਂ ਦੇ ਮੁਖੀ। (ਵੈਬਸਾਈਟ ਰਾਹੀਂ)

ਮੀਮੋ ਨੰ.:24/40/2015/ਪੀ.ਈ.ਐਸ/ਟਾਈਮ ਸ਼ਡਿਊਲ/2015 19020
ਮਿਤੀ: 24 ਨਵੰਬਰ, 2015.

**ਵਿਸ਼ਾ: ਪੰਜਾਬ ਐਜੂਸੈਟ ਸੁਸਾਇਟੀ ਦੁਆਰਾ ਨਸ਼ਰ ਕੀਤੇ ਪ੍ਰੋਗਰਾਮਾਂ ਸਬੰਧੀ।**
ਹਵਾਲਾ: ਪੱਤਰ ਨੰ. 24/40/2015/ਪੀ.ਈ.ਐਸ/ਟਾਈਮ ਸ਼ਡਿਊਲ/201518247, ਮਿਤੀ 06.11.2015.

ਹਵਾਲਾ ਅਧੀਨ ਪੱਤਰ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਮਿਤੀ 09.11.2015 ਤੋਂ ਸ਼ਪੈਸ਼ਲ ਪ੍ਰੋਗਰਾਮਾਂ ਦੀ ਗਿਣਤੀ ਵੱਧਾ ਦਿੱਤੀ ਗਈ ਹੈ ਅਤੇ ਹੁਣ ਹਰ ਰੋਜ ਪਹਿਲੇ ਪੀਰੀਅਡ ਵਿੱਚ 6ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਐਜੂਸੈਟ ਨੈਟਵਰਕ ਰਾਹੀਂ ਸਪੈਸ਼ਲ ਪ੍ਰੋਗਰਾਮ ਨਸ਼ਰ ਕੀਤੇ ਜਾਣਗੇ, ਜਦੋਂਕਿ ਬਾਕੀ ਪ੍ਰੋਗਰਾਮ ਪਹਿਲਾਂ ਦੀ ਤਰ੍ਹਾਂ ਹੀ ਪੂਰੇ ਸਕੂਲ ਸਮੇਂ ਲਈ ਨਸ਼ਰ ਹੁੰਦੇ ਰਹਿਣਗੇ।

ਇਸ ਪੱਤਰ ਰਾਹੀਂ ਫਿਰ ਤੋਂ ਸੂਚਿਤ ਕੀਤਾ ਜਾਂਦਾ ਹੈ ਕਿ ਬਾਕੀ ਪ੍ਰੋਗਰਾਮਾਂ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਸ਼ਡਿਊਲ ਅਨੁਸਾਰ ਸਪੈਸ਼ਲ ਪ੍ਰੋਗਰਾਮ ਵੀ ਅਧਿਆਪਕਾਂ ਦੀ ਹਾਜ਼ਰੀ ਵਿੱਚ ਜਰੂਰ ਦਿਖਾਏ ਜਾਣ ਤਾਂ ਜੋ ਵਿਦਿਆਰਥੀ ਵੱਡੇ ਹੋ ਕੇ ਇੱਕ ਚੰਗੇ ਨਾਗਰਿਕ ਅਤੇ ਵਿਲਖਣ ਸਖਸ਼ੀਅਤ ਬਣ ਸਕਣ। ਸਬੰਧਤ ਸਕੂਲ ਮੁੱਖੀ ਕ੍ਰਿਪਾ ਕਰਕੇ ਇਸ ਗੱਲ ਨੂੰ ਸੁਨਿਸ਼ਚਿਤ ਕਰੇਗਾ ਕਿ:

1. ਸਵੇਰ ਦੀ ਸਭਾ ਵਿੱਚ ਐਜੂਸੈਟ ਦੇ ਪ੍ਰੋਗਰਾਮਾਂ ਦੀ ਸ਼ਡਿਊਲ ਵਿਦਿਆਰਥੀਆਂ ਨੂੰ ਰੋਜਾਨਾ ਦੱਸੀ ਜਾਵੇ ਅਤੇ ਪਿੱਛਲੇ ਦਿਨ ਦੇ ਐਜੂਸੈਟ ਦੇ ਸਪੈਸ਼ਲ ਲੈਕਚਰਾਂ ਸਬੰਧੀ ਵੀ ਸੰਖੇਪ ਤਪਸਰਾ ਕਰਕੇ ਸਾਰੇ ਵਿਦਿਆਰਥੀਆਂ ਨਾਲ ਸਾਝਾਂ ਕਰ ਲਿਆ ਜਾਵੇ।
2. ਪਹਿਲੇ ਪੀਰੀਅਡ ਦੇ ਸਪੈਸ਼ਲ ਲੈਕਚਰ ਵਿੱਚ ਨਿਰਧਾਰਤ ਕਲਾਸ ਦੇ ਵਿਦਿਆਰਥੀਆਂ ਦੇ ਨਾਲ ਉਸ ਕਲਾਸ ਦੇ ਵਿਦਿਆਰਥੀ ਵੀ ਥਾਂ ਉਪਲਬਧ ਹੋਣ ਦੀ ਸੂਰਤ ਵਿੱਚ ਜਰੂਰ ਐਡਜਸਟ ਕਰ ਲਏ ਜਾਣ ਜਿਨ੍ਹਾਂ ਦਾ ਪੀਰੀਅਡ ਅਧਿਆਪਕ ਦੀ ਛੁੱਟੀ ਕਾਰਣ ਐਡਜਸਟ ਕੀਤਾ ਹੋਇਆ ਹੈ।
3. ਰੋਜਾਨਾ ਸ਼ਡਿਊਲ ਅਨੁਸਾਰ ਸਬੰਧਤ ਕਲਾਸ ਦੇ ਵਿਦਿਆਰਥੀ ਐਜੂਸੈਟ ਨਾਲ ਸਬੰਧਤ ਪ੍ਰੋਗਰਾਮਾਂ ਵਿੱਚ ਅਧਿਆਪਕ ਦੀ ਹਾਜ਼ਰੀ ਵਿੱਚ ਜਰੂਰ ਹਿੱਸਾ ਲੈਣ।
4. ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ ਹੋ ਜਾਣ ਉਪਰੰਤ ਵਿਸ਼ਾ ਅਧਿਆਪਕ ਉਸ ਲੈਕਚਰ ਨੂੰ ਖੁੱਦ ਵਿਦਿਆਰਥੀਆਂ ਨੂੰ ਪੂਰਾ ਕਰਵੇਗਾ।
5. ਅਟੈਂਡ ਕੀਤੇ ਜਾਣ ਵਾਲੇ ਪ੍ਰੋਗਰਾਮ ਸਬੰਧੀ ਫੀਡਬੈਕ ਹਰ ਰੋਜ ਈ-ਮੇਲ ਰਾਹੀਂ edusat.punjab@gmail.com ਤੇ ਜਰੂਰ ਦਿੱਤੀ ਜਾਵੇ ਤਾਂ ਜੋ ਪ੍ਰੋਗਰਾਮਾਂ ਵਿੱਚ ਹੋਰ ਬਿਹਤਰੀ ਲਿਆਂਦੀ ਜਾ ਸਕੇ। ਅਟੈਂਡ ਕੀਤੇ ਪ੍ਰੋਗਰਾਮਾਂ ਸਬੰਧੀ ਫੀਡਬੈਕ ਲਿੰਕ http://goo.gl/forms/FTN8oQjnpp ਤੇ ਵੀ ਦਿੱਤਾ ਜਾ ਸਕਦਾ ਹੈ।
6. ਜਿਹੜੇ ਅਧਿਆਪਕ ਆਪਣੇ ਵਿਸ਼ੇ ਸਬੰਧੀ ਐਜੂਸੈਟ ਰਾਹੀਂ ਬਹੁਤ ਵਧੀਆ ਪ੍ਰੋਗਰਾਮ ਖੁੱਦ ਦੇਣਾ ਚਾਹੁੰਦੇ ਹਨ ਉਹ ਇਸ ਸਬੰਧੀ ਪ੍ਰਤੀ ਬੇਨਤੀ ਵੀ edusat.punjab@gmail.com ਤੇ ਕਰ ਸਕਦੇ ਹਨ, ਜਿਸ ਵਿੱਚ ਅਧਿਆਪਕ ਦਾ ਨਾਮ, ਵਿਸ਼ਾ ਅਤੇ ਟਾਪਿਕ ਦਾ ਨਾਮ, ਜਿਸ ਤੇ ਉਹ ਪ੍ਰੋਗਰਾਮ ਦੇਣਾ ਚਾਹੁੰਦੇ ਹਨ, ਜਰੂਰ ਲਿਖਣ।
7. ਸਕੂਲ ਮੁੱਖੀ ਸੁਨਿਸ਼ਚਿਤ ਕਰੇਗਾ ਕਿ ਸਕੂਲ ਵਿੱਚ ਸਥਾਪਿਤ ਕੀਤੇ ਸਾਜੋ ਸਮਾਨ ਨੂੰ ਚੋਰੀ ਤੋਂ ਬਚਾਉਣ ਲਈ ਉਪਲਬਧ ਸਟਾਫ ਦੀ ਸਹਾਇਤਾ ਨਾਲ ਹਰ ਵਕਤ ਸੁਚੇਤ ਰਿਹਾ ਜਾਂਦਾ ਹੈ ਅਤੇ ਆਰ.ਓ.ਟੀ ਦੀ ਖਰਾਬੀ ਉਪਰੰਤ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਨੂੰ ਸੂਚਿਤ ਕਰਕੇ ਪੱਤਰ ਨੰ. 24/24/2008/ਪੀ.ਈ.ਐਸ/ਕੰਪਲੇਂਟ/7733-34, ਮਿਤੀ 05.06.2015 ਅਨੁਸਾਰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਇਸ ਨੂੰ ਤੁਰੰਤ ਚਾਲੂ ਕਰਵਾਇਆ ਜਾਵੇ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/40/2015/ਪੀ.ਈ.ਐਸ/ਟਾਈਮ-ਸ਼ਡਿਊਲ/2015 19021
ਮਿਤੀ: 24.11.2015.

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਡਿਪਟੀ ਡਾਇਰੈਕਟਰ, ਐਸ.ਆਈ.ਐਸ.ਈ ਪੰਜਾਬ ਪੱਤਰ ਨੰ. 24/123/2013/ਪੀ.ਈ.ਐਸ/ਆਰ.ਪੀ/7722, ਮਿਤੀ 28.05.2015 ਦੇ ਹਵਾਲੇ ਨਾਲ।
4. ਸਮੂਹ ਪ੍ਰਿੰਸੀਪਲ ਡਾਇਟ, ਪੰਜਾਬ।
5. ਏ.ਜੀ.ਐਮ.(ਵਿੱਤ), ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
6. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਤੇ ਉਪਲਬਧ ਕਰਾਉਣ ਹਿੱਤ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ